ਮਿੱਠੇ ਬੱਚੇ:- "ਮਿੱਠੇ ਬੱਚੇ :- ਯਾਦ ਰੱਖੋ ਸਾਡਾ ਬਾਪ, ਟੀਚਰ ਅਤੇ ਸਤਿਗੁਰੂ - ਤਿੰਨੋ ਹੀ ਕੰਮਬਾਇੰਡ ਹਨ ਤਾਂ ਵੀ ਖੁਸ਼ੀ ਦਾ ਪਾਰਾ ਚੜ੍ਹੇਗਾ, ਉਹਨਾਂ ਦੀ ਸ਼੍ਰੀਮਤ ਤੇ ਚੱਲਦੇ ਰਹੋਗੇ"

ਪ੍ਰਸ਼ਨ:- ਬ੍ਰਾਹਮਣਾਂ ਦਾ ਪਹਿਲਾ ਲਕਸ਼ਣ ਕਿਹੜਾ ਹੈ? ਕਿਸ ਗੱਲ ਵਿੱਚ ਬ੍ਰਾਹਮਣਾਂ ਨੂੰ ਐਕਸਪਰਟ ਬਣਨਾ ਹੈ?

ਉੱਤਰ:- ਬ੍ਰਾਹਮਣਾਂ ਦਾ ਪਹਿਲਾ ਲਕਸ਼ਣ ਹੈ ਪੜ੍ਹਣਾ ਅਤੇ ਪੜ੍ਹਾਉਣਾ। ਕਿਸੇ ਤੇ ਵੀ ਗਿਆਨ ਦਾ ਰੰਗ ਚੜ੍ਹਾਉਣ ਵਿੱਚ ਬਹੁਤ ਐਕਸਪਰਟ ਬਣੋ। ਭਾਵੇਂ ਕੋਈ ਇੰਨਸੇਲਟ ਕਰੇ, ਗਾਲੀ ਦਵੇ ਪਰ ਕੋਸ਼ਿਸ਼ ਕਰਕੇ ਦੇਖੋ ਤਾਂ ਉਸ ਤੇ ਅਸਰ ਜਰੂਰ ਹੋਵੇਗਾ। ਪਾਤਰ ਦੇਖਕੇ ਦਾਨ ਦੇਣਾ ਹੈ। ਅਵਿਨਾਸ਼ੀ ਧਨ ਵੀ ਵਿਅਰਥ ਨਾ ਜਾਏ ਇਸਲਈ ਬੜੀ ਖ਼ਬਰਦਾਰੀ ਚਾਹੀਦੀ ਹੈ। ਪਾਸ ਵੀ ਕਿਸੇ ਨੂੰ ਸੰਭਾਲ ਨਾਲ ਦੇਣਾ ਹੈ।

ਗੀਤ:- ਜੋ ਪਿਆ ਕੇ ਸਾਥ ਹੈ...

ਓਮ ਸ਼ਾਂਤੀ। ਗਾਡਲੀ ਸਟੂਡੈਂਟਸ ਨੇ ਇਹ ਗੀਤ ਸੁਣੀਆ। ਤੁਸੀਂ ਬੱਚੇ ਹੀ ਗੋਡਲੀ ਸਟੂਡੈਂਟਸ ਹੋ। ਇਵੇਂ ਨਹੀਂ ਕਿ ਸਭ ਸਕੂਲਾਂ ਵਿੱਚ ਗੋਡਲੀ ਸਟੂਡੈਂਟਸ ਹੁੰਦੇ ਹਨ। ਨਹੀਂ, ਉੱਥੇ ਤਾਂ ਮਨੁੱਖ ਪੜ੍ਹਾਉਂਦੇ ਹਨ। ਸੰਨਿਆਸੀ ਵੀ ਸ਼ਾਸ਼ਤਰ ਸੁਣਾਉਂਦੇ ਹਨ। ਗਿਆਨ ਤਾਂ ਅਸਲ ਵਿੱਚ ਕਿਸੇ ਬਰਸਾਤ ਨੂੰ ਨਹੀਂ ਕਿਹਾ ਜਾਂਦਾ ਹੈ। ਬਰਸਾਤ ਤੇ ਪਾਣੀ ਦੀ ਹੁੰਦੀ ਹੈ। ਪਰ ਇਹ ਮਹਿਮਾ ਗਾਈ ਹੋਈ ਹੈ ਕਿਉਂਕਿ ਪਰਮਪਿਤਾ ਪਰਮਾਤਮਾ ਨੂੰ ਗਿਆਨ ਦਾ ਸਾਗਰ ਵੀ ਕਿਹਾ ਗਿਆ ਹੈ। ਬਾਪ ਕਹਿੰਦੇ ਹਨ - ਮੈਨੂੰ ਗਿਆਨ ਸਾਗਰ ਨਾਲੇਜ਼ਫੁੱਲ ਵੀ ਕਹਿੰਦੇ ਹਨ। ਨਾਲੇਜ਼ ਨੂੰ ਬਰਸਾਤ, ਪਾਣੀ ਅਤੇ ਅੰਮ੍ਰਿਤ ਨਹੀਂ ਕਿਹਾ ਜਾਂਦਾ। ਜਿਵੇਂ ਮਾਨ ਸਰੋਵਰ ਦਾ ਤਲਾਬ ਹੈ। ਅੰਮ੍ਰਿਤਸਰ ਵਿੱਚ ਵੀ ਇੱਕ ਤਲਾਬ ਹੈ ਜਿਸਨੂੰ ਉਹ ਲੋਕ ਅੰਮ੍ਰਿਤ ਸਮਝਦੇ ਹਨ। ਇਹ ਬਾਪ ਬੈਠ ਸਮਝਾਉਂਦੇ ਹਨ। ਪੜ੍ਹਾਈ ਨੂੰ ਅੰਮ੍ਰਿਤ ਜਾਂ ਬਰਸਾਤ ਨਹੀਂ ਕਹਾਂਗੇ। ਸਮਝਦੇ ਹਨ - ਅੰਮ੍ਰਿਤ ਹੈ - ਇਸ ਨਾਲ ਦੁੱਖ ਦੂਰ ਹੋ ਜਾਏਗਾ। ਅਸਲ ਵਿੱਚ ਤਾਂ ਇਸ ਨਾਲੇਜ ਨਾਲ ਤੁਹਾਡੇ ਸਬ ਦੁੱਖ ਦੂਰ ਹੁੰਦੇ ਹਨ। 21 ਜਨਮਾਂ ਦੇ ਲਈ। ਜੋ ਪਿਆ ਦੇ ਸਾਥ ਹੈ ਉਹਨਾਂ ਦੇ ਲਈ ਬਰਸਾਤ ਹੈ। ਇੱਥੇ ਇਹ ਬਾਪ, ਟੀਚਰ, ਸਤਿਗੁਰੂ - ਤਿੰਨੋਂ ਹੀ ਕੰਮਬਾਇੰਡ ਹਨ। ਇਹ ਇੱਕ ਗੱਲ ਵੀ ਬੱਚੇ ਯਾਦ ਰੱਖੇ ਤਾਂ ਖੁਸ਼ੀ ਦਾ ਪਾਰਾ ਚੜ ਜਾਏ। ਪਰ ਮਾਇਆ ਘੜੀ - ਘੜੀ ਭੁਲਾ ਦਿੰਦੀ ਹੈ। ਇੱਥੇ ਤੁਸੀਂ ਚੱਲਦੇ ਹੋ ਸ਼੍ਰੀਮਤ ਤੇ। ਸ਼੍ਰੀਮਤ ਨਾਲ ਤੁਸੀਂ ਸ਼੍ਰੇਸ਼ਠ ਬਣਦੇ ਹੋ। ਭਗਵਾਨ ਹੈ ਉੱਚ ਤੇ ਉੱਚ ਬਾਪ। ਉੱਚੇ ਤੋਂ ਉੱਚ ਬਾਪ ਦੀ ਪੜ੍ਹਾਈ ਨਾਲ ਹੀ ਬਣ ਸਕਦੇ ਹੋ। ਹੁਣ ਜੋ ਪਿਆ ਦੇ ਸਮੁੱਖ ਬੈਠੇ ਹਨ, ਸਭ ਸਟੂਡੈਂਟ ਹਨ। ਇੱਥੇ ਬੈਠਣਗੇ, ਪੜ੍ਹਕੇ ਫਿਰ ਆਪਣੇ ਘਰ ਜਾਣਾ ਹੈ। ਦਿਨ - ਪ੍ਰਤਿਦਿਨ ਸਟੂਡੈਂਟ ਤਾਂ ਬਹੁਤ ਹੋ ਜਾਣਗੇ। ਜੇਕਰ ਸਭ ਨੂੰ ਇੱਕ ਹੀ ਘਰ ਵਿੱਚ ਨਾਲ ਰੱਖਣ ਤਾਂ ਕਿੰਨਾ ਵੱਡਾ ਮਕਾਨ ਚਾਹੀਦਾ ਹੈ! ਸਾਰਾ ਆਬੂ ਮਕਾਨ ਬਣਾ ਦੇਣ ਤਾਂ ਵੀ ਪੂਰਾ ਨਹੀਂ ਹੋਵੇਗਾ। ਕਿੰਨੇ ਸੈਂਟਰਸ ਹਨ? ਹੁਣ ਤਾਂ ਅਜੁਨ ਥੋੜੇ ਹਨ, ਇਸ ਤੋਂ ਵੀ ਹਜ਼ਾਰ ਗੁਣਾ ਜਾਸਤੀ ਹੋਣਗੇ। ਇੱਕ ਹਜ਼ਾਰ, ਦੋ ਹਜ਼ਾਰ, ਪੰਜ - ਸਤ ਹਜ਼ਾਰ ਵੀ ਸੈਂਟਰਸ ਹੋ ਸਕਦੇ ਹਨ। ਫਿਰ ਘਰ - ਘਰ ਵਿੱਚ ਇਹ ਗਿਆਨ - ਗੰਗਾਵਾਂ ਗਿਆਨ ਦੀ ਵਰਖਾ ਕਰਨਗੀਆਂ। ਇੰਨੇ ਢੇਰ ਬੱਚੇ ਹੋ ਜਾਣਗੇ। ਜਿੱਥੇ - ਕਿੱਥੇ ਦੇਖੋ ਸੈਂਟਰਸ ਖੋਲ੍ਹਦੇ ਰਹਿੰਦੇ ਹਨ। ਕੋਈ ਗੀਤਾ ਪਾਠਸ਼ਾਲਾ ਨਾਮ ਰੱਖਦੇ ਹਨ, ਕੋਈ ਬ੍ਰਹਮਾਕੁਮਾਰੀ ਈਸ਼ਵਰੀਏ ਵਿਸ਼ਵ ਵਿਧਾਲਿਆ ਨਾਮ ਰੱਖਦੇ ਹਨ। ਅਸਲ ਵਿੱਚ ਬ੍ਰਹਮਾਕੁਮਾਰੀ ਨਾਮ ਰੱਖਣ ਵਿੱਚ ਡਰਨਾ ਨਹੀਂ ਚਾਹੀਦਾ ਹੈ। ਕਈ ਬੱਚੇ ਡਰਦੇ ਹਨ ਕਿ ਬੀ.ਕੇ. ਨਾਮ ਦੇਖ ਹੰਗਾਮਾ ਨਾ ਕਰ ਦੇਣ ਇਸਲਈ ਗੀਤਾ ਪਾਠਸ਼ਾਲਾ ਨਾਮ ਰੱਖ ਦਿੰਦੇ ਹਨ। ਗੀਤਾ ਪਾਠਸ਼ਾਲਾ ਅੱਖਰ ਤੇ ਕਾਮਨ ਹੈ। ਸਮਝਦੇ ਹਨ - ਕੋਈ ਵਿਘਨ ਨਾ ਪਵੇ ਇਸਲਈ ਬੀ.ਕੇ. ਨਾਮ ਬਦਲ ਦੂਸਰਾ ਰੂਪ ਦੇ ਦਿੰਦੇ ਹਨ। ਅਸਲ ਵਿੱਚ ਤੇ ਗੱਲ ਇੱਕ ਹੀ ਹੈ। ਅੰਦਰ ਘੁਸਣ ਨਾਲ ਚਿੱਤਰ ਆਦਿ ਦੇਖ ਝੱਟ ਸਮਝ ਜਾਣਗੇ -ਇਹ ਤਾਂ ਬੀ. ਕੇ. ਹਨ ਇਸਲਈ ਨਾਮ ਬਦਲਣ ਦੀ ਇਵੇਂ ਦੀ ਜਰੂਰਤ ਨਹੀਂ ਹੈ। ਇਸ ਨਾਲ ਤਾਂ ਚੰਗੀ ਤਰ੍ਹਾਂ ਸਿੱਧ ਹੁੰਦਾ ਹੈ ਕਿ ਅਸਲ ਵਿੱਚ ਇਹ ਬ੍ਰਹਮਾ ਦੀ ਸੰਤਾਨ ਬ੍ਰਹਮਾਕੁਮਾਰ - ਕੁਮਾਰੀਆਂ ਹਨ। ਇਹ ਤੇ ਚੰਗਾ ਹੈ ਨਾ। ਤੁਸੀਂ ਸਭ ਨੂੰ ਕਹਿ ਸਕਦੇ ਹੋ - ਅਸਲ ਵਿੱਚ ਤੁਸੀਂ ਵੀ ਬ੍ਰਹਮਾਕੁਮਾਰ - ਕੁਮਾਰੀਆਂ ਹੋ। ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ ਨੂੰ ਜਾਣਦੇ ਹੋ। ਉਹ ਰਚਿਯਤਾ ਹੈ ਮਨੁੱਖ ਸ੍ਰਿਸਟੀ ਦਾ। ਨਿਰਾਕਾਰ ਪਰਮਪਿਤਾ ਪਰਮਾਤਮਾ ਕੋਈ ਆਤਮਾਵਾਂ ਦਾ ਰਚਿਯਤਾ ਨਹੀਂ ਹੈ, ਉਹ ਤਾਂ ਆਤਮਾਵਾਂ ਦਾ ਅਨਾਦਿ ਬਾਪ ਹੈ। ਪ੍ਰਜਾਪਿਤਾ ਬ੍ਰਹਮਾ ਵੀ ਤਾਂ ਅਨਾਦਿ ਹੈ। ਆਤਮਾਵਾਂ ਦਾ ਬਾਪ ਇਹਨਾਂ ਵਿੱਚ ਆਉਂਦੇ ਹਨ। ਆਕੇ ਬ੍ਰਹਮਾ ਨੂੰ ਐਡੋਪਟ ਕਰਦੇ ਹਨ - ਪ੍ਰਜਾ ਰਚਣ ਦੇ ਲਈ। ਬ੍ਰਹਮਾ ਦਵਾਰਾ ਬ੍ਰਾਹਮਣ ਕੁਲ ਰਚਨਾ ਹੈ। ਇਹ ਤਾਂ ਸਮਝਾਉਣ ਵਿੱਚ ਹੋਰ ਵੀ ਸਹਿਜ ਹੋਵੇਗਾ। ਪਰ ਡਰਦੇ ਹਨ। ਕਹਿਣਗੇ ਬੀ.ਕੇ ਕੇ ਕੋਲ ਨਾ ਜਾਓ। ਗੀਤਾ ਪਾਠਸ਼ਾਲਾ ਵਿੱਚ ਭਾਵੇ ਜਾਓ। ਘਰ - ਘਰ ਵਿੱਚ ਗਿਆਨ ਗੰਗਾਵਾਂ ਦਾ ਅਰਥ ਵੀ ਮਨੁੱਖ ਨਹੀਂ ਸਮਝਦੇ ਹਨ।

ਭਗਤੀ ਮਾਰਗ ਵਿੱਚ ਨਾਰਦ ਨੂੰ ਮੁਖ ਗਿਣਿਆ ਜਾਂਦਾ ਹੈ। ਝਾਂਝ ਵਜਾਉਣ ਵਾਲਾ ਭਗਤ ਸੀ। ਇਵੇਂ ਨਹੀਂ, ਨਾਰਦ ਕੋਈ ਅਜਿਹੇ ਰੂਪ ਵਾਲਾ ਹੈ ਜਿਵੇਂ ਚਿੱਤਰ ਵਿਖਾਉਂਦੇ ਹਨ। ਅਸਲ ਵਿੱਚ ਬਾਂਦਰ ਤਾਂ ਤੁਸੀਂ ਸਭ ਸੀ। ਸੂਰਤ ਮਨੁੱਖ ਦੀ, ਸੀਰਤ ਬਾਂਦਰ ਦੀ ਸੀ। ਉਵੇਂ ਤਾਂ ਸਭ ਨਾਰਦ ਹਨ। ਸਭ ਭਗਤ ਹਨ ਨਾ। ਸਮਝ ਸਕਦੇ ਹਨ - ਜਦੋਂ ਤੱਕ ਅਸੀਂ ਦੈਵੀਗੁਣ ਵਾਲੇ ਮਨੁੱਖ ਨਾ ਬਣੀਏ ਉਦੋਂ ਤੱਕ ਅਸੀਂ ਲਕਸ਼ਮੀ ਨੂੰ ਵਰ ਨਾ ਸਕੀਏ। ਸਭ ਮੇਲ ਅਤੇ ਫੀਮੇਲ ਨਾਰਦ ਹਨ। ਕਿਹਾ ਜਾਂਦਾ ਹੈ - ਆਪਣੀ ਸੀਰਤ ਨੂੰ ਦੇਖੋ, ਤੁਸੀਂ ਤੇ ਬਾਂਦਰ ਹੋ

ਕਿਉਂਕਿ ਤੁਹਾਡੇ ਵਿੱਚ 5 ਵਿਕਾਰ ਹਨ, ਇਸਲਈ ਲਕਸ਼ਮੀ -ਨਾਰਾਇਣ ਨੂੰ ਵਰ ਨਹੀਂ ਸਕੋਂਗੇ। ਹੈ ਸਾਰੀ ਇਥੋਂ ਦੀ ਗੱਲ। ਬਾਬਾ ਨੇ ਸਮਝਾਇਆ ਹੈ ਕਿ ਸਭ ਦੁਸ਼ਾਸਨ ਅਤੇ ਦੁਰਯੋਧਨ ਹਨ। ਦ੍ਰੋਪਦੀਆਂ ਦੇ ਚੀਰ ਹਰਦੇ ਹਨ ਇਸਲਈ ਮਾਤਾਵਾਂ ਪੁਕਾਰਦੀਆਂ ਹਨ - ਸਾਨੂੰ ਨਗਨ ਹੋਣ ਤੋਂ ਬਚਾਓ, ਰੱਖਿਆ ਕਰੋ। ਕੰਨਿਆਵਾਂ ਕਹਿੰਦਿਆਂ ਹਨ - ਲਾਜ ਰੱਖੋ ਗਿਰਧਾਰੀ। ਨਾਮ ਤੇ ਬਹੁਤ ਰੱਖ ਦਿੱਤੇ ਹਨ। ਮਨੁੱਖਾਂ ਦਾ ਬੁੱਧੀਯੋਗ ਚਲਾ ਜਾਂਦਾ ਹੈ ਸ਼੍ਰੀਕ੍ਰਿਸ਼ਨ ਵਲ। ਪਰ ਕਿਸੇ ਵੀ ਦੇਹਧਾਰੀ ਨੂੰ ਯਾਦ ਕਰਨ ਨਾਲ ਵਿਕਰਮ ਵਿਨਾਸ਼ ਨਹੀਂ ਹੋ ਸਕਦੇ। ਸਿਰਫ਼ ਚਾਹੁੰਦੇ ਹਨ ਸਾਕਸ਼ਾਤਕਾਰ ਹੋਵੇ। ਅੱਛਾ, ਸਾਕਸ਼ਾਤਕਾਰ ਹੋ ਜਾਈ ਪਰ ਮਨੁੱਖ ਤੋਂ ਦੇਵਤਾ ਦੀ ਨਾਲੇਜ਼ ਤਾਂ ਮਿਲ ਨਾ ਸਕੇ। ਜਦ ਬ੍ਰਾਹਮਣ ਬਣਨ ਅਤੇ ਗਿਆਨ ਨੂੰ ਸਮਝਣ ਤਾਂ ਦੇਵਤਾ ਬਣ ਸਕਣ। ਬ੍ਰਾਹਮਣ ਬਣਨ ਨਾਲ ਭਗਤੀ ਛੁੱਟ ਜਾਂਦੀ ਹੈ। ਪਹਿਲੇ ਇੱਕ ਹਫ਼ਤਾ ਇਸ ਵਿੱਚ ਦੇਣ ਨਾਲ ਅਸੀਂ ਮਨੁੱਖ ਨੂੰ ਮੰਦਿਰ ਲਾਇਕ ਬਣਾ ਸਕਦੇ ਹਾਂ। ਪਰ ਟਾਇਮ ਤਾਂ ਲੱਗਦਾ ਹੈ। ਇਹ ਤਾਂ ਬਰੋਬਰ ਹੈ - ਤੁਸੀਂ ਬਾਪ ਦੇ ਨਾਲ ਹੋ। ਬਾਬਾ ਦੇ ਕੋਲ ਆਉਂਦੇ ਹੋ, ਫਿਰ ਜਾਂਦੇ ਹੋ ਤਾਂ ਦਿਲ ਅੰਦਰ ਕਿੰਨਾ ਦੁੱਖੀ ਹੁੰਦਾ ਹੈ! ਪਰ ਸਭ ਤੇ ਨਾਲ ਨਹੀਂ ਰਹਿ ਸਕਨਗੇ, ਇਹ ਤੇ ਹੋ ਨਾ ਸਕੇ। ਕੋਈ ਇਕੱਠੇ ਹੁੰਦੇ ਹਨ। ਕੋਈ ਕਿੱਥੋਂ ਤੋਂ, ਕੋਈ ਕਿੱਥੋਂ ਤੋਂ ਭੱਜ ਆਉਂਦੇ ਹਨ। ਇਹ ਰਸਮ ਇੱਥੇ ਹੀ ਹੈ। ਸਾਧੂ - ਸੰਤ ਆਦਿ ਦੇ ਕੋਲ ਤਾਂ ਢੇਰ ਜਾਂਦੇ ਜਾਕੇ ਇੱਕਠੇ ਹੁੰਦੇ ਹਨ। ਕੋਈ ਵੀ ਕਿਸੇ ਨੂੰ ਮਨਾ ਨਹੀਂ ਕਰਦੇ। ਇੱਥੇ ਤੇ ਪਵਿੱਤਰ ਬਣਨ ਦੀ ਗੱਲ ਆਉਂਦੀ ਹੈ ਇਸਲਈ ਰੋਕਦੇ ਹਨ। ਸੰਨਿਆਸੀਆਂ ਵਿੱਚ ਤੇ ਸਿਰਫ਼ ਮੇਲਸ ਘਰ ਬਾਰ ਆਦਿ ਛੱਡ ਚਲੇ ਜਾਂਦੇ ਹਨ। ਇੱਥੇ ਤਾਂ ਕੁਮਾਰੀਆਂ - ਮਾਤਾਵਾਂ ਸਭ ਹਨ। ਕੰਨਿਆਵਾਂ ਨੂੰ ਮਾਂ -ਬਾਪ, ਡਾਕਟਰ ਆਦਿ ਕਹਿੰਦੇ ਹਨ - ਸ਼ਾਦੀ ਨਹੀਂ ਕਰਨਗੀਆਂ ਤਾਂ ਬਿਮਾਰ ਹੋ ਜਾਣਗੀਆਂ। ਉਹਨਾਂ ਨੂੰ ਸਮਝਾਉਣਾ ਚਾਹੀਦਾ ਹੈ - ਅਰੇ ਸੰਨਿਆਸੀ ਕਿੰਨੇ ਬਣਦੇ ਹਨ। ਬਹੁਤ ਛੋਟੇ - ਛੋਟੇ ਬ੍ਰਹਮਚਾਰੀ ਉੱਥੇ ਰਹਿੰਦੇ ਹਨ। ਫਿਰ ਉਹ ਬ੍ਰਹਮਚਾਰੀ ਤਾਂ ਕਦੀ ਬੀਮਾਰ ਨਹੀਂ ਹੁੰਦੇ। ਇੱਥੇ ਕਿਉਂ ਬਿਮਾਰ ਹੋਣਗੇ? ਸ਼ਾਦੀ ਬਿਨਾਂ ਤੇ ਢੇਰ ਰਹਿੰਦੇ ਹਨ। ਸੰਨਿਆਸੀਆਂ ਦੇ ਉੱਪਰ ਵੀ ਕੋਈ ਕੇਸ ਨਾ ਕਰ ਸਕੇ। ਕਦੀ ਕੋਈ ਵੀ ਇਸਤਰੀ ਉਹਨਾਂ ਤੋਂ ਘਰ ਖ਼ਰਚ ਨਹੀਂ ਮੰਗਦੀ ਹੈ। ਉਹ ਤਾਂ ਭੱਜ ਜਾਂਦੇ ਹਨ। ਇਸਤਰੀ ਖ਼ਰਚਾ ਕਿਥੋਂ ਲਿਆਵੇ ਫਿਰ ਆਸ - ਪਾਸ ਦੇ ਲੋਕ ਉਸਨੂੰ ਸੰਭਾਲ ਲੈਂਦੇ ਹਨ। ਗਰੀਬ ਜਾਸਤੀ ਭੱਜਦੇ ਹਨ। ਦੁਖੀ ਹੁੰਦੇ ਹਨ ਤਾਂ ਫਿਰ ਵੈਰਾਗ ਆਉਂਦਾ ਹੈ। ਤੁਸੀਂ ਭਾਵੇਂ ਦੁਖੀ ਸੀ ਪਰ ਉਹ ਵੈਰਾਗ ਦੀ ਗੱਲ ਨਹੀਂ। ਤੁਹਾਨੂੰ ਤਾਂ ਪਹਿਲੇ ਹਥੇਲੀ ਤੇ ਬਹਿਸ਼ਤ ਦਿਖਾਇਆ ਜਾਂਦਾ ਹੈ। ਪਵਿੱਤਰ ਬਣਨ ਬਿਗਰ ਬੈਕੁੰਠ ਕਿਵੇਂ ਜਾ ਸਕੋਂਗੇ? ਬਹਾਦੁਰ ਬਣਨਾ ਚਾਹੀਦਾ ਹੈ ਇਸਲਈ ਹੀ ਸ਼ਿਵਸ਼ਕਤੀ ਸੈਨਾ ਨਾਮ ਹੈ। ਸ਼ਿਵਬਾਬਾ ਨਾਲ ਯੋਗ ਲਗਾਉਣ ਨਾਲ ਸ਼ਕਤੀ ਮਿਲਦੀ ਹੈ। ਗਿਆਨ ਦੀ ਧਾਰਨਾ ਹੋਣ ਦੇ ਬਾਅਦ ਫਿਰ ਸਮਪਰਨ ਹੋਣਾ ਹੈ। ਗਿਆਨ ਦੀ ਧਾਰਨਾ ਨਹੀਂ ਹੋਵੇਗੀ, ਨਸ਼ਟੋਮੋਹਾ ਨਹੀਂ ਹੋਣਗੇ ਤਾਂ ਮਾਇਆ ਆਕੇ ਪਠਕਾਏਗੀ। ਸ਼ਾਦੀ ਕਰਨ ਦੀ ਦਿਲ ਹੋਵੇਗੀ ਤਾਂ ਫਿਰ ਸਾਰਾ ਬ੍ਰਹਮਾਕੁਮਾਰੀਜ਼ ਦਾ ਨਾਮ ਬਦਨਾਮ ਹੋ ਜਾਂਦਾ ਹੈ। ਪਹਿਲੇ ਨਸ਼ਟੋਮੋਹਾ ਬਣਨਾ ਪਵੇ। ਤੁਸੀਂ ਲੋਕ ਇੰਨੀ ਭੱਟੀ ਵਿੱਚ ਰਹਿੰਦੇ ਹੋ ਤਾਂ ਵੀ ਕਿੰਨੇ ਨਸ਼ਟੋਮੋਹਾ ਨਹੀਂ ਬਣੇ, ਯਾਦ ਆਉਂਦੀ ਰਹੀ। ਇੱਥੇ ਤੋਂ ਗਏ, ਮਿੱਤਰ ਸੰਬੰਧੀਆਂ ਦਾ ਮੂੰਹ ਦੇਖਿਆ ਅਤੇ ਲੱਟੂ ਹੋ ਬੈਠ ਗਏ। ਮੋਹ ਨੇ ਘੇਰ ਲਿਆ। ਇਹ ਵੀ ਡਰਾਮੇ ਦੀ ਭਾਵੀ। ਹੁਣ ਤੇ ਬਾਪ ਕਹਿੰਦੇ ਹਨ - ਪਹਿਲੇ - ਪਹਿਲੇ ਤਾਂ ਨਸ਼ਟੋਮੋਹ ਬਣੋ। ਇੱਕ ਮੋਸ੍ਟ ਬਿਲਵਡ ਬਾਪ ਦੇ ਬਣ ਜਾਓ। ਕੁਝ ਵੀ ਹੋ ਜਾਈ, ਅਸੀਂ ਤੇ ਬਾਪ ਦੀ ਸਰਵਿਸ ਤੇ ਰਹਾਂਗੇ। ਕਿਹਾ ਜਾਂਦਾ ਹੈ ਨਾ - ਚੜੇ ਤੋਂ ਚਾਖੇ ਬੈਕੁੰਠ ਰਸ, ਡਿੱਗੇ ਤੋਂ ਚਕਨਾਚੂਰ। ਇਵੇਂ ਨਹੀਂ ਕਿ ਛੱਡਕੇ ਆ ਜਾਣ ਫਿਰ ਮੋਹ ਸਤਾਏ। ਇਵੇਂ ਬਹੁਤ ਸੰਨਿਆਸੀ ਲੋਕ ਜਾਕੇ ਫਿਰ ਵਾਪਿਸ ਮੁੜ ਆਉਂਦੇ ਹਨ। ਸੰਨਿਆਸੀ ਘਰ ਵਿੱਚ ਵਾਪਿਸ ਆਉਣ ਤਾ ਆਸ - ਪਾਸ ਵਾਲੇ ਨਿਰਾਦਰ ਕਰਦੇ ਹਨ। ਸਮਝਦੇ ਹਨ ਇਹ ਕਾਮ ਦੇ ਲਈ ਭੱਜਿਆ ਹੈ। ਇੱਥੇ ਵੀ ਸਮਝਿਆ ਜਾਂਦਾ ਹੈ - ਇਹ ਪੂਰਾ ਨਸ਼ਟੋਮੋਹਾ ਨਹੀਂ ਬਣਿਆ ਸੀ, ਵਿਕਾਰਾਂ ਨੇ ਘੇਰ ਲਿਆ। ਬਾਬਾ ਦੇ ਕੋਲ ਖਾਣ - ਪਾਉਣ ਦੀ ਤਕਲੀਫ਼ ਨਹੀਂ ਹੈ। ਸ਼ੁਰੂ ਤੋਂ ਲੈਕੇ ਕਿੰਨੀ ਸੰਭਾਲ ਕਰਦੇ ਆਏ। ਗ਼ਰੀਬ - ਸ਼ਾਹੂਕਾਰ ਇੱਕ ਸਮਾਨ ਹਨ। ਮੰਮਾ ਬਾਬਾ ਵੀ ਸਭਨੂੰ ਸਿਖਾਉਣ ਲਈ ਭਾਂਡੇ ਮਾਂਜਦੇ ਸਨ। ਝਾੜੂ ਲਗਾਉਂਦੇ ਸੀ। ਦੇਹ - ਅਭਿਮਾਨ ਤੋੜਣ ਦੇ ਲਈ ਕੀਤਾ ਜਾਂਦਾ ਹੈ। ਸੰਨਿਆਸੀ ਵੀ ਇਵੇਂ ਕਰਾਉਂਦੇ ਹਨ। ਕੋਈ ਵੱਡਾ ਆਦਮੀ ਹੋਵੇਗਾ ਤਾਂ ਉਹਨਾਂ ਕੋਲ ਲਕੜੀ ਆਦਿ ਕਟਵਾਉਣਗੇ - ਦੇਹ - ਅਭਿਮਾਨ ਤੋੜ੍ਹਣ ਦੇ ਲਈ। ਇੱਥੇ ਤੇ ਬੜੀ ਭਾਰੀ ਮਲਕੀਅਤ ਮਿਲਦੀ ਹੈ। ਇੱਕ ਸੈਕਿੰਡ ਵਿੱਚ 21 ਜਨਮ ਦੀ ਬਾਦਸ਼ਾਹੀ। ਸਨਿਆਸੀਆਂ ਦੇ ਕੋਲ ਤੇ ਕੁਝ ਵੀ ਪ੍ਰਾਪਤੀ ਨਹੀਂ ਹੈ। ਬਾਕੀ ਪਵਿੱਤਰ ਹਨ ਇਸਲਈ ਅਪਵਿੱਤਰ ਮੱਥਾ ਟੇਕਦੇ ਹਨ। ਇਹ ਤਾਂ ਰਾਜਯੋਗ ਹੈ, ਵਿਸ਼ਵ ਦਾ ਮਾਲਿਕ ਬਣਾਉਂਦੇ ਹਨ।

ਵਿਕਾਰ ਵਿੱਚ ਨਹੀਂ ਜਾਣਾ ਹੈ। ਮੀਰਾ ਵੀ ਪਵਿੱਤਰ ਰਹਿਣਾ ਚਾਹੁੰਦੀ ਸੀ ਨਾ। ਉਹ ਤੇ ਭਗਤੀ ਮਾਰਗ ਵਿੱਚ ਸੀ। ਸ਼੍ਰੀਕ੍ਰਿਸ਼ਨ ਦਾ ਦੀਦਾਰ ਕਰਦੀ ਸੀ। ਉਸਦੀ ਦਿਲ ਲੱਗੀ ਸ਼੍ਰੀਕ੍ਰਿਸ਼ਨ ਨਾਲ, ਤਾਂ ਭਲਾ ਉਹ ਵਿਕਾਰ ਵਿੱਚ ਕਿਵੇਂ ਜਾਏਗੀ, ਸੋ ਵੀ ਇੱਕ ਜਨਮ। ਕਰਕੇ ਮੀਰਾ ਦੂਸਰੇ ਜਨਮ ਵਿੱਚ ਵੀ ਭਗਤੀ ਮਾਰਗ ਵਿੱਚ ਗਈ ਹੋਵੇ। ਇਵੇਂ ਵੀ ਕਹਿ ਸਕਦੇ ਹਨ - ਉਹ ਭਗਤੀ ਮਾਰਗ ਵਿੱਚ ਗਈ ਕਿਉਂਕਿ ਅੰਤ ਮਤਿ ਸੋ ਗਤੀ ਹੁੰਦੀ ਹੈ। ਸ਼੍ਰੀਕ੍ਰਿਸ਼ਨ ਨਾਲ ਦਿਲ ਸੀ ਤਾਂ ਭਗਤ ਹੀ ਬਣ ਜਾਏਗੀ। ਪਰ ਭਗਤੀ ਮਾਰਗ ਵਿੱਚ ਕੁਝ ਮਿਲਿਆ ਤੇ ਨਹੀਂ। ਗਿਆਨ ਮਾਰਗ ਵਿੱਚ ਤਾਂ 21 ਜਨਮ ਦਾ ਵਰਸਾ ਮਿਲਦਾ ਹੈ। ਭਗਤੀ ਵੀ ਪਹਿਲੇ ਸ਼ਿਵ ਦੀ ਕਰਦੇ ਹਨ ਫਿਰ ਦੇਵਤਾਵਾਂ ਦੀ। ਹੁਣ ਤਾਂ ਦੇਖੋ - ਚੂਹੇ - ਬਿੱਲੀ ਆਦਿ ਸਭਦੀ ਭਗਤੀ ਕਰਨ ਲਗ ਪਏ ਹਨ। ਸ਼੍ਰੀਕ੍ਰਿਸ਼ਨ ਨੂੰ ਛੱਡ ਹਨੂਮਾਨ - ਗਣੇਸ਼ ਆਦਿ ਦੀ ਭਗਤੀ ਕਰਨ ਲਗ ਪੈਂਦੇ ਹਨ। ਸਤਿਯੁਗ - ਤ੍ਰੇਤਾ ਵਿੱਚ ਵੀ ਕਲਾਵਾਂ ਘਟ ਹੁੰਦੀਆਂ ਜਾਂਦੀਆਂ ਹਨ ਅਤੇ ਭਗਤੀ ਵਿੱਚ ਵੀ ਕਲਾਵਾਂ ਘੱਟ ਹੁੰਦੀਆਂ ਜਾਂਦੀਆਂ ਹਨ। ਹੁਣ ਤਾਂ ਕਿਸੇ ਕੰਮ ਦੇ ਨਹੀਂ ਰਹੇ ਹਨ। ਜਦੋਂ ਇਵੇਂ ਦੀ ਹਾਲਤ ਹੁੰਦੀ ਹੈ ਉਦੋਂ ਬਾਪ ਆਕੇ ਸਮਝਾਉਂਦੇ ਹਨ। ਅੱਧਾ ਕਲਪ ਉੱਚ ਚੜਦੇ ਹਨ ਫਿਰ ਅੱਧਾ ਕਲਪ ਦੇ ਬਾਅਦ ਡਿੱਗਣਾ ਸ਼ੁਰੂ ਹੁੰਦਾ ਹੈ। ਮਨੁੱਖ ਸਮਝਦੇ ਹਨ - ਡਿੱਗਣਾ ਤਾਂ ਹੈ ਹੀ ਤਾਂ ਫਿਰ ਗਿਆਨ ਲੈਕੇ ਕੀ ਕਰੀਏ? ਪਰ ਈਸ਼ਵਰੀ ਨਾਲੇਜ਼ ਬਿਨਾਂ ਮਨੁੱਖ ਕਿਸੇ ਕੰਮ ਦੇ ਹੀ ਹਨ। ਅਸੀਂ - ਤੁਸੀਂ ਕੀ ਸੀ, ਕੁਝ ਵੀ ਨਹੀਂ। ਗਿਆਨ ਜਰੂਰ ਚਾਹੀਦਾ ਹੈ। ਸ਼ਰੀਰ ਨਿਰਵਾਹ ਅਰਥ ਪੜ੍ਹਦੇ ਹਨ ਨਾ। ਕੰਨਿਆਵਾਂ ਨੂੰ ਵੀ ਅੱਜਕਲ ਸ਼ਰੀਰ ਨਿਰਵਾਹ ਅਰਥ ਪੜ੍ਹਣਾ

ਪੈਂਦਾ ਹੈ। ਅੱਗੇ ਇਹ ਕ਼ਾਇਦਾ ਨਹੀਂ ਸੀ। ਕੰਨਿਆਵਾਂ ਘਰ ਸੰਭਾਲਦੀਆਂ ਸਨ, ਬੱਚੇ ਨੌਕਰੀ ਦੇ ਲਈ ਪੜ੍ਹਦੇ ਸਨ। ਹੁਣ ਬੇਹੱਦ ਦਾ ਬਾਪ ਤੁਹਾਨੂੰ ਬੱਚਿਆਂ ਨੂੰ ਪੜ੍ਹਾ ਰਹੇ ਹਨ। ਜੇਕਰ ਸਾਰੇ ਇੱਥੇ ਬੈਠ ਜਾਣ ਤਾਂ ਫਿਰ ਮਿੱਤਰ - ਸੰਬੰਧੀਆਂ ਨੂੰ ਗਿਆਨ ਕਿਵੇਂ ਦੇਣਗੇ? ਜਾਣਾ ਪਵੇ। ਪੜ੍ਹਣਾ ਅਤੇ ਪੜ੍ਹਾਉਣਾ ਹੈ। ਕਈ ਤਾਂ ਬਿਲਕੁਲ ਪੜ੍ਹਦੇ ਹੀ ਨਹੀਂ। ਤਾਂ ਸਮਝਣਾ ਚਾਹੀਦਾ ਹੈ - ਇਹ ਬ੍ਰਾਹਮਣ ਕੁਲ ਦਾ ਨਹੀਂ ਹੈ। ਰੰਗ ਲਗਾਉਣ ਦੀ ਕੋਸ਼ਿਸ਼ ਜਰੂਰ ਕਰਨੀ ਚਾਹੀਦੀ ਹੈ। ਇਸ ਵਿੱਚ ਡਰਨ ਦੀ ਗੱਲ ਨਹੀਂ। ਕੋਸ਼ਿਸ਼ ਕਰਨ ਨਾਲ ਫਿਰ ਕੋਈ ਨਾ ਕੋਈ ਰੰਗ ਲਗ ਜਾਏਗਾ। ਭਾਵੇਂ ਕੋਈ ਇੰਸੇਲਟ ਕਰੇ, ਗਾਲੀ ਦੇਵੇ, ਤੁਸੀਂ ਪੁਰਸ਼ਾਰਥ ਕਰਕੇ ਦੇਖੋ, ਕਿਸੇ ਨਾ ਕਿਸੇ ਤੇ ਅਸਰ ਜਰੂਰ ਹੋਵੇਗਾ। ਬਿਛੂ ਚੱਲਦਾ ਹੈ ਤਾਂ ਨਰਮ ਚੀਜ਼ ਦੇਖ ਕੇ ਉੱਥੇ ਡੰਕ ਮਾਰ ਦਿੰਦਾ ਹੈ। ਜਾਂਚ ਕਰਦਾ ਹੈ। ਇੱਥੇ ਵੀ ਬੱਚਿਆਂ ਨੂੰ ਬਹੁਤ ਐਕਸਪਰਟ ਬਣਨਾ ਚਾਹੀਦਾ ਹੈ। ਅਵਿਨਾਸ਼ੀ ਧਨ ਕਿੱਥੇ ਵਿਅਰਥ ਕਿਸੇਨੂੰ ਨਹੀਂ ਦੇਣਾ ਹੈ। ਪਾਤਰ ਦੇਖ ਕੇ ਦਾਨ ਕਰਨਾ ਹੈ। ਜੇਕਰ ਕਿਸੇਨੂੰ ਦਾਨ ਦਿੱਤਾ ਅਤੇ ਉਸਨੇ ਵਿਕਰਮ ਕਰ ਲਿਆ ਤਾਂ ਉਸ ਦਾ ਪਾਪ ਉਸ ਦਾਨ ਦੇਣ ਵਾਲੇ ਦੇ ਉਪਰ ਵੀ ਪਾਪ ਆ ਜਾਏਗਾ। ਇੱਥੇ ਬੜੀ ਖ਼ਬਰਦਾਰੀ ਚਾਹੀਦੀ ਹੈ। ਪੈਸਾ ਤੇ ਬੜੀ ਸੰਭਾਲ ਨਾਲ ਦੇਣਾ ਹੈ ਪੁੱਛਕੇ। ਇੱਥੇ ਤੇ ਜੋ ਵੀ ਬਣਾ ਰਹੇ ਹਨ ਇਹ ਸਭ ਜਲਦੀ ਹੀ ਟੁੱਟ - ਫੁੱਟ ਜਾਣਗੇ। ਇਹ ਮਕਾਨ ਵੀ ਬੱਚਿਆਂ ਦੇ ਰਹਿਣ ਦੇ ਲਈ ਬਣੇ ਹਨ। ਇਹ ਤਾਂ ਜਾਣਦੇ ਹਨ - ਸਭ ਟੁੱਟਣੇ ਹਨ। ਅਰਥ ਕਵੇਕ ਹੋਵੇਗੀ ਤਾਂ ਮੰਦਿਰ ਆਦਿ ਸਭ ਟੁੱਟਣਗੇ। ਸਾਡੀ ਰਾਜਧਾਨੀ ਵਿੱਚ ਇਹ ਸਭ ਕੁਝ ਹੋਵੇਗਾ ਨਹੀਂ। ਨਾ ਅਮੇਰਿਕਾ, ਰਸ਼ਿਆ ਆਦਿ ਹੋਵੇਗੀ। ਸਿਰਫ਼ ਭਾਰਤ ਖੰਡ ਰਹਿਣਾ ਹੈ - ਇਹ ਤਾਂ ਤੁਸੀਂ ਜਾਣਦੇ ਹੋ। ਬਾਕੀ ਦੁਨੀਆਂ ਤੇ ਘੋਰ ਹਨ੍ਹੇਰਾ ਵਿੱਚ ਹੈ। ਬਾਬਾ ਦਾ ਇਹ ਕਿੰਨਾ ਵੱਡਾ ਸਕੂਲ ਹੈ! ਇਸ ਵਿੱਚ ਟੀਚਰਜ਼ ਵੀ ਨੰਬਰਵਾਰ ਹਨ। ਸਭ ਇੱਕ ਜਿਹੇ ਤੇ ਹੁੰਦੇ ਨਹੀਂ। ਇਸ ਵਿੱਚ ਤੁਸੀਂ ਦੇਖੋਗੇ ਕਿ ਸਭ ਤੋਂ ਵੱਡਾ ਟੀਚਰ ਸ਼ਿਵਬਾਬਾ ਹੈ। ਫਿਰ ਹੈ ਇਹ ਬ੍ਰਹਮਾ ਪੁੱਤਰਾ ਨਦੀ। ਕਹਿੰਦੇ ਵੀ ਹਨ ਤਵਮੇਵ ਮਾਤਾਸੱਚ ਪਿਤਾ... ਤਾਂ ਇਹ ਮਾਤਾ ਠਹਿਰੀ ਨਾ। ਫਿਰ ਸਰਸਵਤੀ ਦਾ ਵੀ ਨਾਮ ਹੈ। ਬ੍ਰਹਮਾ ਦੀ ਰਾਸ਼ੀ ਤੇ ਬ੍ਰਹਮਪੁੱਤਰਾ ਨਾਮ ਠੀਕ ਹੈ। ਦਿਖਾਉਂਦੇ ਵੀ ਹਨ - ਸਾਗਰ ਅਤੇ ਬ੍ਰਹਮਾਪੁਤਰਾ ਨਦੀ ਦਾ ਮੇਲਾ ਹੁੰਦਾ ਹੈ, ਇੱਥੇ ਫਿਰ ਆਤਮਾ ਅਤੇ ਪਰਮਾਤਮਾ ਦਾ ਇਹ ਮੇਲਾ ਹੈ, ਇਸਦਾ ਹੀ ਯਾਦਗਾਰ ਭਗਤੀ ਮਾਰਗ ਵਿੱਚ ਗਾਇਆ ਜਾਂਦਾ ਹੈ। ਅੱਛਾ!

ਮਿੱਠੇ - ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਮੋਸ੍ਟ ਬਿਲਵਰਡ ਬਾਪ ਦਾ ਬਣਨ ਦੇ ਪਹਿਲੇ ਪੂਰਾ - ਪੂਰਾ ਨਸ਼ਟੋਮੋਹ ਬਣਨਾ ਹੈ। ਜਦੋਂ ਅਵਸਥਾ ਪੱਕੀ ਹੋ ਜਾਵੇ ਤਾਂ ਸੇਵਾ ਵਿੱਚ ਲਗਣਾ ਹੈ।

2. ਇਸ ਦੁਨੀਆਂ ਤੋਂ ਦਿਲ ਦਾ ਵੈਰਾਗ ਰੱਖ ਪਵਿੱਤਰ ਬਣਨ ਵਿੱਚ ਬਹਾਦੁਰ ਬਣਨਾ ਹੈ। ਦਾਨ ਬਹੁਤ ਖ਼ਬਰਦਾਰੀ ਨਾਲ ਪਾਤਰ ਦੇਖ ਕੇ ਕਰਨਾ ਹੈ।

ਵਰਦਾਨ:- ਪਰਿਸਥਿਤੀਆਂ ਦੀ ਸਾਈਡਸੀਨ ਸਮਝ ਕੇ ਅੱਗੇ ਵਧਣ ਵਾਲੇ ਮਾਸਟਰ ਸਰਵਸ਼ਕਤੀਵਾਂਨ ਭਵ

ਸਦਾ ਆਪਣੇ ਮਾਸਟਰ ਸਰਵਸ਼ਕਤੀਮਾਨ ਸਵਰੂਪ ਦੀ ਸਮ੍ਰਿਤੀ ਵਿੱਚ ਰਹੋ ਤਾਂ ਹਰ ਪਰਿਸਥਿਤੀ ਇਵੇਂ ਅਨੁਭਵ ਹੋਵੇਗੀ ਜਿਵੇਂ ਇੱਕ ਸਾਈਡਸੀਨ ਹੈ। ਪਰਿਸਥਿਤੀ ਸਮਝਣ ਨਾਲ ਘਬਰਾ ਜਾਂਦੇ ਪਰ ਸਾਈਡਸੀਨ ਮਤਲਬ ਰਸਤੇ ਦੇ ਨਜ਼ਾਰੇ ਸਮਝਣਗੇ ਤਾਂ ਸਹਿਜ ਪਾਰ ਕਰ ਲੈਣਗੇ ਕਿਉਂਕਿ ਨਜਾਰਿਆਂ ਨੂੰ ਦੇਖਕੇ ਖੁਸ਼ੀ ਹੁੰਦੀ ਹੈ, ਘਬਰਾਉਂਦੇ ਨਹੀਂ, ਵਿਘਣ - ਵਿਘਣ ਨਹੀਂ ਹਨ ਪਰ ਅੱਗੇ ਵਧਣ ਦਾ ਸਾਧਨ ਹੈ। ਪ੍ਰੀਖਿਆ ਨਾਲ ਕਲਾਸ ਅਗੇ ਵਧਦਾ ਹੈ, ਇਸਲਈ ਕਦੀ ਕਿਸੇ ਗੱਲ ਵਿੱਚ ਰੁਕੋ ਨਹੀਂ, ਸਦਾ ਮਾਸਟਰ ਸਰਵਸ਼ਕਤੀਮਾਨ ਹਾਂ, ਇਸ ਸਮ੍ਰਿਤੀ ਨਾਲ ਉੱਡਦੀ ਕਲਾ ਦਾ ਅਨੁਭਵ ਕਰਦੇ ਰਹੋ।

ਸਲੋਗਨ:- ਅਜਿਹੇ ਸਹਿਯੋਗੀ ਬਣੋ ਜੋ ਤੁਹਾਡੇ ਦੇਖਣ ਨਾਲ ਹੀ ਦੂਸਰੇ ਦਾ ਯੋਗ ਲਗ ਜਾਏ।

******